# COVID-19 ਨੂੰ ਫੈਲਣ ਤੋਂ ਰੋਕਣ ਲਈ ਬ੍ਰੈਂਪਟਨ ਟ੍ਰਾਂਜ਼ਿਟ ਸੇਵਾ ਵਿੱਚ 4 ਮਈ ਤੋਂ ਹੋਣ ਵਾਲੀਆਂ ਤਬਦੀਲੀਆਂ

ਬ੍ਰੈਂਪਟਨ, ਓਨਟੈਰੀਓ (29 ਅਪ੍ਰੈਲ, 2020) – ਇਹ ਯਕੀਨੀ ਬਣਾਉਣ ਲਈ ਕਿ COVID-19 (ਸੀ.ਓ.ਵੀ.ਆਈ.ਡੀ.-19) ਐਮਰਜੈਂਸੀ ਦੇ ਦੌਰਾਨ, ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੂਪ ਨਾਲ ਸੇਵਾ ਦੇ ਰਿਹਾ ਹੈ, ਸੋਮਵਾਰ, 4 ਮਈ ਤੋਂ ਅਗਲੇ ਨੋਟਿਸ ਤੱਕ, ਬੱਸ ਸੇਵਾ ਵਿੱਚ ਹੇਠਾਂ ਦਿੱਤੀਆਂ ਤਬਦੀਲੀਆਂ ਕੀਤੀਆਂ ਜਾਣਗੀਆਂ।

ਹੇਠਾਂ ਦਿੱਤੇ ਰੂਟਾਂ ਤੇ ਵਾਧੂ ਸੇਵਾ ਦੁਬਾਰਾ ਚਾਲੂ ਕੀਤੀ ਜਾਵੇਗੀ ਅਤੇ ਬੱਸਾਂ ਹਰ ਥੋੜ੍ਹੇ ਸਮੇਂ ਬਾਅਦ ਆਉਣਗੀਆਂ। ਇਸ ਨਾਲ ਬ੍ਰੈਂਪਟਨ ਵਿੱਚ ਲੋਕਾਂ ਨੂੰ ਹਸਪਤਾਲਾਂ ਜਿਹੀਆਂ ਸਿਹਤ ਦੇਖਭਾਲ ਫੈਸਿਲਿਟੀਜ਼ ਤੱਕ ਅਤੇ ਕਾਰਜ ਸਥਾਨਾਂ ਤੱਕ ਅਸਾਨੀ ਨਾਲ ਪਹੁੰਚਣ ਵਿੱਚ ਮਦਦ ਮਿਲੇਗੀ। ਨਾਲ ਹੀ, ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਹੋਰ ਸੇਵਾਵਾਂ ਤੱਕ ਪਹੁੰਚ ਅਤੇ ਕਨੈਕਸ਼ਨਾਂ ਵਿੱਚ ਸੁਧਾਰ ਹੋਵੇਗਾ। ਸਾਡੇ ਕੋਲ ਜਿੰਨੇ ਵੀ ਟ੍ਰਾਂਜ਼ਿਟ ਓਪਰੇਟਰ ਉਪਲਬਧ ਹਨ, ਉਹਨਾਂ ਦੇ ਨਾਲ ਇਹਨਾਂ ਬੱਸ ਸੇਵਾਵਾਂ ਨੂੰ ਕਾਇਮ ਰੱਖਣ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ।

- **511/511A ਜ਼ੂਮ ਸਟੀਲਸ (511/511A Züm Steeles)** – ਕਾਰਜਦਿਨਾਂ ਨੂੰ ਸਵੇਰੇ (ਸਵੇਰੇ 6 ਵਜੇ ਤੋਂ 9 ਵਜੇ ਤੱਕ) ਅਤੇ ਸ਼ਾਮ (ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 7 ਵਜੇ ਤੱਕ) ਵਾਲੇ ਵਿਅਸਤ ਸਮੇਂ ਤੇ, ਜੋ ਬੱਸਾਂ ਪਹਿਲਾਂ ਹਰੇਕ 20 ਮਿੰਟਾਂ ਬਾਅਦ ਆਉਂਦੀਆਂ ਸਨ, ਹੁਣ ਉਹ ਹਰੇਕ 10 ਮਿੰਟਾਂ ਬਾਅਦ ਆਉਣਗੀਆਂ
- **7/7A ਕੈਨੇਡੀ (7/7A Kennedy)** – ਕਾਰਜਦਿਨਾਂ ਨੂੰ ਸਵੇਰੇ (ਸਵੇਰੇ 6 ਵਜੇ ਤੋਂ 9 ਵਜੇ ਤੱਕ) ਅਤੇ ਸ਼ਾਮ (ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 7 ਵਜੇ ਤੱਕ) ਵਾਲੇ ਵਿਅਸਤ ਸਮੇਂ ਤੇ, ਬੱਸਾਂ ਹਰੇਕ 10 ਮਿੰਟਾਂ ਬਾਅਦ ਆਉਣਗੀਆਂ
- **8 ਸੈਂਟਰ (8 Centre)** – ਸ਼ਨੀਵਾਰ ਵਾਲੀ ਸੇਵਾ ਸ਼ਾਮਲ ਕੀਤੀ ਗਈ ਹੈ
- **14/14A ਟੋਰਬਰੈਮ (14/14A Torbram)** – ਕਾਰਜਦਿਨਾਂ ਨੂੰ ਸਵੇਰੇ (ਸਵੇਰੇ 6 ਵਜੇ ਤੋਂ 9 ਵਜੇ ਤੱਕ) ਅਤੇ ਸ਼ਾਮ (ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 7 ਵਜੇ ਤੱਕ) ਵਾਲੇ ਵਿਅਸਤ ਸਮੇਂ ਨੂੰ ਬੱਸਾਂ ਹਰੇਕ 10 ਮਿੰਟਾਂ ਬਾਅਦ ਆਉਣਗੀਆਂ
- **18 ਡਿਕਸੀ (18 Dixie)** – ਕਾਰਜਦਿਨਾਂ ਨੂੰ ਸਵੇਰੇ (ਸਵੇਰੇ 6 ਵਜੇ ਤੋਂ 9 ਵਜੇ ਤੱਕ) ਅਤੇ ਸ਼ਾਮ (ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 7 ਵਜੇ ਤੱਕ) ਵਾਲੇ ਵਿਅਸਤ ਸਮੇਂ ਨੂੰ ਜੋ ਬੱਸਾਂ ਪਹਿਲਾਂ ਹਰੇਕ 15 ਮਿੰਟਾਂ ਬਾਅਦ ਆਉਂਦੀਆਂ ਸਨ, ਹੁਣ ਉਹ ਹਰੇਕ ਸੱਤ ਮਿੰਟਾਂ ਬਾਅਦ ਆਉਣਗੀਆਂ
- **20/20A ਈਸਟ ਇੰਡਸਟ੍ਰੀਅਲ (20/20A East Industrial)** – ਸੋਮਵਾਰ ਤੋਂ ਸ਼ੁੱਕਰਵਾਰ ਤੱਕ, 20A ਦੁਬਾਰਾ ਚਲਾਈ ਜਾ ਰਹੀ ਹੈ
- **29 ਵਿਲੀਅਮਸ ਪਾਰਕਵੇ Parkway (29 Williams Parkway)** – ਸੋਮਵਾਰ ਤੋਂ ਸ਼ਨੀਵਾਰ ਤੱਕ, ਦੁਪਹਿਰ (ਸਵੇਰੇ 9 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ) ਵਾਲੀ ਸੇਵਾ ਸ਼ਾਮਲ ਕੀਤੀ ਗਈ ਹੈ, ਐਤਵਾਰ ਵਾਲੀ ਕੋਈ ਸੇਵਾ ਨਹੀਂ
- **31 ਮੈਕਵੀਨ (31 McVean)** – ਸੋਮਵਾਰ ਤੋਂ ਸ਼ਨੀਵਾਰ ਤੱਕ, ਦੁਪਹਿਰ (ਸਵੇਰੇ 9 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ) ਵਾਲੀ ਸੇਵਾ ਸ਼ਾਮਲ ਕੀਤੀ ਗਈ ਹੈ, ਐਤਵਾਰ ਵਾਲੀ ਕੋਈ ਸੇਵਾ ਨਹੀਂ
- **51 ਹੈਰਫੋਰਡ (51 Hereford)** – ਸੋਮਵਾਰ ਤੋਂ ਸ਼ਨੀਵਾਰ ਤੱਕ, ਦੁਪਹਿਰ (ਸਵੇਰੇ 9 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ) ਵਾਲੀ ਸੇਵਾ ਸ਼ਾਮਲ ਕੀਤੀ ਗਈ ਹੈ, ਐਤਵਾਰ ਵਾਲੀ ਕੋਈ ਸੇਵਾ ਨਹੀਂ
- **52 ਮੈਕਮਰਚੀ (52 McMurchy)** – ਸ਼ਨੀਵਾਰ ਅਤੇ ਐਤਵਾਰ ਵਾਲੀ ਸੇਵਾ ਸ਼ਾਮਲ ਕੀਤੀ ਗਈ ਹੈ
- **60 ਮਿਸੀਸਾਗਾ (60 Mississauga)** – ਸੋਮਵਾਰ ਤੋਂ ਸ਼ੁੱਕਰਵਾਰ ਤੱਕ, ਦੁਪਹਿਰ (ਸਵੇਰੇ 9 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ) ਵਾਲੀ ਸੇਵਾ ਸ਼ਾਮਲ ਕੀਤੀ ਗਈ ਹੈ

COVID-19 ਦੇ ਕਾਰਨ, ਸੀਨੀਅਰ ਆਈ.ਡੀ. (Senior ID) ਅਤੇ ਵੈਟਰਨ (Veteran) ਕਾਰਡ ਜਾਰੀ ਨਹੀਂ ਕੀਤੇ ਜਾ ਰਹੇ ਹਨ। ਸਵਾਰੀਆਂ ਅਗਲੇ ਨੋਟਿਸ ਤੱਕ, ਆਪਣੇ ਐਕਸਪਾਇਰ ਹੋਏ ਕਾਰਡਾਂ ਦੀ ਵਰਤੋਂ ਕਰ ਸਕਦੀਆਂ ਹਨ।

ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਟਰਮੀਨਲਾਂ ਵਿਖੇ ਗਾਹਕ ਸੇਵਾ (Customer Service) ਕਾਉਂਟਰ ਬੰਦ ਹਨ। 4 ਮਈ ਤੋਂ ਸ਼ੁਰੂ ਕਰਦੇ ਹੋਏ, ਬ੍ਰੈਮਲੀ (Bramalea), ਬ੍ਰੈਂਪਟਨ ਗੇਟਵੇ (Brampton Gateway) ਅਤੇ ਡਾਊਨਟਾਊਨ (Downtown) ਟਰਮੀਨਲਾਂ ਵਿਖੇ ਟਰਮੀਨਲ ਦੀ ਬਿਲਡਿੰਗ ਦਾ ਸਮਾਂ ਬਦਲ ਕੇ, ਸਵੇਰੇ 6 ਵਜੇ ਤੋਂ ਰਾਤ 9 ਵਜੇ ਤੱਕ ਹੋ ਜਾਵੇਗਾ।

ਇਸ ਵੇਲੇ ਜਿਹਨਾਂ ਰੂਟਾਂ ਤੇ ਸੇਵਾ ਚਾਲੂ ਹੈ, ਉਹਨਾਂ ਦੀ ਅਤੇ ਉਹਨਾਂ ਦੇ ਸ਼ੈਡਿਊਲ ਦੀ ਸੂਚੀ ਲਈ www.bramptontransit.com ਤੇ ਜਾਓ।

**COVID-19 ਤੋਂ ਸੁਰੱਖਿਆ ਸਬੰਧੀ ਉਪਾਅ**

ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਜ਼ਿਆਦਾਤਰ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਸਵਾਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਫ਼ਰ ਕਰਦੇ ਸਮੇਂ ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ ਅਤੇ ਵਾਰ-ਵਾਰ ਆਪਣੇ ਹੱਥ ਧੋਣ।

ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ (Peel Public Health) ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca